



# ਬਿਰਧ ਦੁਰਵਿਹਾਰ ਬਾਰੇ ਤੱਤ

## ਬਿਰਧ ਦੁਰਵਿਹਾਰ ਕੀ ਹੁੰਦਾ ਹੈ?

- ਖੁਦ ਜਾਂ ਦੂਸਰਿਆਂ ਦੁਆਰਾ ਕੀਤੀ ਗਈ ਕੋਈ ਵੀ ਚੁਸਤੀ ਜਾਂ ਸੁਸਤੀ ਜੋ ਕਿਸੇ ਵੀ ਬਿਰਧ ਦੀ ਸਿਹਤ ਜਾਂ ਸੁਰੱਖਿਆ ਨੂੰ ਜੋਖਮ ਵਿੱਚ ਪਾਵੇ ਬਿਰਧ ਦੁਰਵਿਹਾਰ ਹੈ।
- ਬਿਰਧ ਦੁਰਵਿਹਾਰ ਵਿੱਤੀ, ਭਾਵਾਤਮਕ, ਸਰੀਰਕ, ਲਿੰਗੀ ਜਾਂ ਉਪੇਖਿਆ ਸਮੇਤ ਅਨੇਕਾਂ ਰੂਪ ਧਾਰਨ ਕਰ ਸਕਦਾ ਹੈ ਅਤੇ ਅਕਸਰ ਇੱਕ ਤੋਂ ਵੱਧ ਕਿਸਮ ਦਾ ਦੁਰਵਿਹਾਰ ਉਸੇ ਸਮੇਂ ਵਾਪਰਦਾ ਹੈ। ਵਿੱਤੀ ਅਤੇ ਭਾਵਾਤਮਕ ਕਨੇਡਾ ਵਿੱਚ ਬਿਰਧ ਦੁਰਵਿਹਾਰ ਦੀਆਂ ਦੋ ਆਮ ਪਛਾਣੀਆਂ ਅਤੇ ਰਿਪੋਰਟ ਕੀਤੀਆਂ ਕਿਸਮਾਂ ਹਨ।

## ਸ਼ਿਕਾਰ ਕੌਣ ਹੁੰਦੇ ਹਨ?

- ਕੋਈ ਵੀ ਬਿਰਧ, ਬਿਨਾਂ ਲਿੰਗ, ਨਸਲ, ਜਾਤ, ਆਮਦਨੀ ਜਾਂ ਸਿੱਖਿਆ ਦੇ ਲਿਹਾਜ਼ ਦੇ, ਬਿਰਧ ਦੁਰਵਿਹਾਰ ਦਾ ਸ਼ਿਕਾਰ ਹੋ ਸਕਦਾ ਹੈ।
- ਕਨੇਡਾ, ਅਤੇ ਦੁਨੀਆਂ ਭਰ ਵਿੱਚ, ਬਿਰਧ ਦੁਰਵਿਹਾਰ ਬਾਰੇ ਬਹੁਤ ਸੀਮਤ ਅੰਕੜੇ ਹਨ। ਮੁੱਖ ਕਾਰਨ ਇਹ ਹੈ ਕਿ ਬਿਰਧ ਦੁਰਵਿਹਾਰ ਦੇ ਕਾਫੀ ਮਾਮਲੇ ਰਿਪੋਰਟ ਨਹੀਂ ਹੁੰਦੇ। ਪਰ ਅਨੇਕ ਅਧਿਐਨਾਂ ਤੋਂ ਸੰਕੇਤ ਮਿਲਦਾ ਹੈ ਕਿ ਕਨੇਡਾ ਵਿੱਚ ਚਾਰ ਤੋਂ ਅੱਠ ਪ੍ਰਤੀਸ਼ਤ ਬਜੁਰਗ ਬਾਲਗਾਂ ਦੇ ਦੁਰਵਿਹਾਰ ਭੋਗਣ ਦੀ ਸੰਭਾਵਨਾ ਹੈ।
- ਸ਼ਰਮ ਜਾਂ ਕਸੂਰ ਬਿਰਧ ਨੂੰ ਆਪਣੇ ਦੁਰਵਿਹਾਰ ਬਾਰੇ ਦੱਸਣ ਤੋਂ ਰੋਕ ਸਕਦੇ ਹਨ। ਕਦੇ ਕਦੇ ਸ਼ਿਕਾਰ ਵਿੱਚ ਰਿਪੋਰਟ ਕਰਨ ਦੀ ਸਮਰੱਥਾ ਹੀ ਨਹੀਂ ਹੁੰਦੀ। ਸ਼ਿਕਾਰ ਭਾਵੇਂ ਅਸਮਰੱਥ ਹੋਵੇ ਜਾਂ ਅਸਹਿਮਤ, ਦੁਰਵਿਹਾਰੀ ਦਾ ਡਰ, ਉਸ ਪ੍ਰਤੀ ਪਿਆਰ, ਸਮਝ ਦੀ ਘਾਟ ਜਾਂ ਵਿਕਾਰ, ਸਾਧਨ ਬਦਲਾਂ ਤੋਂ ਅਣਜਾਣ, ਜਾਂ ਦੁਰਵਿਹਾਰ ਜਾਂ ਉਪੇਖਿਆ ਨੂੰ ਸਧਾਰਨ ਮੰਨਣ ਆਦਿ, ਬਿਰਧ ਦੁਰਵਿਹਾਰ ਬਾਰੇ ਦੱਸਣ ਵਿੱਚ ਕੁੱਝ ਰੁਕਾਵਟਾਂ ਹਨ।

## ਦੁਰਵਿਹਾਰੀ ਕੌਣ ਹੁੰਦੇ ਹਨ?

- ਬਿਰਧ ਦੁਰਵਿਹਾਰ ਅਕਸਰ ਸ਼ਿਕਾਰ ਦੇ ਕਿਸੇ ਜਾਣਕਾਰ, ਜਿਵੇਂ ਕਿ ਪਰਿਵਾਰਕ ਸਦੱਸ, ਮਿੱਤਰ ਜਾਂ ਸੰਭਾਲ਼ਕਰਤਾ ਦੁਆਰਾ ਕੀਤਾ ਜਾਂਦਾ ਹੈ। ਬਜੁਰਗ ਬਾਲਗਾਂ ਦੇ ਖਿਲਾਫ ਹੋਣ ਵਾਲੇ ਜੁਰਮਾਂ ਵਿੱਚੋਂ 25 ਪ੍ਰਤੀਸ਼ਤ ਪਰਿਵਾਰਕ ਸਦੱਸਾਂ, ਆਮ ਤੌਰ ਤੇ ਦੰਪਤੀ ਜਾਂ ਬਾਲਗ ਬੱਚੇ, ਦੁਆਰਾ ਕੀਤੇ ਜਾਂਦੇ ਹਨ।
- ਮਿੱਤਰ, ਗੁਆਂਢੀ, ਭਾੜੇ ਦੇ ਸੰਭਾਲ਼ਕਰਤਾ, ਮਕਾਨ ਮਾਲਕ ਅਤੇ ਕਰਮਚਾਰੀ, ਜਾਂ ਸੱਤਾ, ਭਰੋਸੇ ਜਾਂ ਅਧਿਕਾਰ ਵਾਲਾ ਕੋਈ ਵਿਅਤਕੀ ਵੀ ਦੁਰਵਿਹਾਰੀਆਂ ਵਿੱਚ ਸ਼ਾਮਲ ਹੋ ਸਕਦਾ ਹੈ।

## ਬਿਰਧ ਦੁਰਵਿਹਾਰ ਦੀਆਂ ਕੀ ਨਿਸ਼ਾਨੀਆਂ ਹਨ?

- ਪਰਿਵਾਰਕ ਤਸ਼ੱਦਦ ਦੀਆਂ ਹੋਰ ਕਿਸਮਾਂ ਵਾਂਗ, ਬਿਰਧ ਦੁਰਵਿਹਾਰ ਦੇ ਕਾਰਨ ਵੀ ਪੇਚੀਦਾ ਹਨ। ਸੰਬੰਧਤ ਵਿਅਕਤੀਆਂ ਅਤੇ ਹਾਲਾਤ ਉੱਤੇ ਖਾਸ ਤਰ੍ਹਾਂ ਨਿਰਭਰ, ਅਕਸਰ ਦੁਰਵਿਹਾਰੀ ਅਤੇ ਸ਼ਿਕਾਰ, ਦੋਵਾਂ ਦੀਆਂ ਮਾਨਸਿਕ ਅਤੇ ਸਰੀਰਕ ਹਾਲਤਾਂ ਦਾ ਅਸਰ ਬਿਰਧ ਦੁਰਵਿਹਾਰ ਉੱਤੇ ਪੈਂਦਾ ਹੈ।
- ਦੁਰਵਿਹਾਰ ਦੇ ਜੋਖਮ ਕਾਰਕਾਂ ਵਿੱਚ ਸ਼ਾਮਲ ਹਨ: ਦੰਪਤੀ ਦੁਰਵਿਹਾਰ ਦਾ ਅਤੀਤ; ਪਰਿਵਾਰਕ ਕਾਰਨ, ਵਖਰੇਵਾਂ; ਪਰੇਸ਼ਾਨ ਰਿਸ਼ਤੇਦਾਰ, ਮਿੱਤਰ ਜਾਂ ਗੁਆਂਢੀ, ਦੀਰਘ-ਕਾਲੀ ਸੰਭਾਲ਼ ਨਾਲ ਪੂਰਾ ਉਤਰਨ ਦੀ ਅਸਮਰਥਾ; ਸੰਸਥਾਤਮਕ ਹਾਲਾਤ; ਕਾਲ ਪਰਭਾਵ ਅਤੇ ਬੁਢੇਪਾ ਪਰਕਿਰਿਆ ਦਾ ਅਗਿਆਨ; ਅਤੇ ਸਮਾਜ ਦੁਆਰਾ ਤਸ਼ੱਦਦ ਨੂੰ ਪ੍ਰਵਾਨ ਕਰ ਲੈਣਾ।
- ਝੁੰਜਲ਼ਾਹਟ, ਉਦਾਸੀ ਜਾਂ ਬੇਚੈਨੀ, ਅਸਪਸ਼ਟ ਸੱਟਾਂ, ਸਾਫ-ਸਫਾਈ ਵਿੱਚ ਬਦਲਾਉ, ਕੁਝ ਵਿਅਤਕੀਆਂ ਦੀ ਮੌਜੂਦਗੀ ਵਿੱਚ ਡਰੇ ਹੋਏ ਲੱਗਣਾ, ਅਤੇ ਪੈਸੇ ਦੀ ਗੱਲ ਕਰਨ ਲੱਗਿਆਂ ਡਰਨਾ ਜਾ ਫਿਕਰ ਕਰਨਾ, ਬਿਰਧ ਦੁਰਵਿਹਾਰ ਦੇ ਸਧਾਰਨ ਲੱਛਣਾਂ ਵਿੱਚ ਸ਼ਾਮਲ ਹਨ।



Government of Alberta
ALBERTA ELDER ABUSE AWARENESS NETWORK

## ਜੇ ਮੈਨੂੰ ਲੱਗੇ ਕਿ ਮੇਰੇ ਨਾਲ ਦੁਰਵਿਹਾਰ ਹੋ ਰਿਹਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

- **ਜੇ ਤੁਹਾਨੂੰ  ਫੌਰੀ ਖ਼ਤਰਾ ਹੋਵੇ ਤਾਂ ਹਾਲਾਤ ਤੋਂ ਬਚ ਕੇ ਨਿੱਕਲ ਜਾਓ।** ਤੁਰੰਤ ਕਿਸੇ ਸਰੱਖਿਅਤ ਜਗ੍ਹਾ ਤੇ ਚਲੇ ਜਾਓ, ਜਿਵੇਂ ਕਿ ਗੁਆਂਢੀ, ਮਿੱਤਰ ਜਾਂ ਰਿਸ਼ਤੇਦਾਰ। ਕਿਸੇ ਦੁਕਾਨ ਵਿੱਚ ਚਲੇ ਜਾਓ ਜਾ ਪਨਾਹ-ਘਰ ਵਿੱਚ ਲੈਕੇ ਜਾਣ ਲਈ ਬੇਨਤੀ ਕਰੋ। *ਜੇ ਤੁਸੀਂ ਘਰੋਂ ਨਹੀਂ ਨਿੱਕਲ ਸਕਦੇ ਤਾਂ ਤੁਰੰਤ 9-1-1 ਕਾਲ ਕਰੋ।*
- **ਕਨੂੰਨੀ ਕਾਰਵਾਈ ਕਰੋ।** ਸਭ ਤਰ੍ਹਾਂ ਦਾ ਦੁਰਵਿਹਾਰ ਅਨੈਤਕ ਹੈ। ਕੁਝ ਕਿਸਮਾਂ ਗੈਰ-ਕਨੂੰਨੀ ਹਨ। ਤੁਸੀਂ ਅਦਾਲਤੀ ਸੁਰੱਖਿਆ ਦਾ ਕੋਈ ਹੁਕਮ ਲੈਣ ਬਾਰੇ ਵੀ ਵਿਚਾਰ ਕਰ ਸਕਦੇ ਹੋ ਜੋ ਦੁਰਵਿਹਾਰੀ ਵਿਅਕਤੀ ਨੂੰ ਤੁਹਾਡੇ ਨਾਲ ਸੰਪਰਕ ਕਰਨ ਤੋਂ ਰੋਕ ਦਿਉਗਾ।
- **ਕਿਸੇ ਅਜਿਹੇ ਵਿਅਕਤੀ ਨੂੰ ਦੱਸੋ ਜਿਸ ਉੱਤੇ ਤੁਸੀਂ ਭਰੋਸਾ ਕਰਦੇ ਹੋ।** ਜੋ ਹੋ ਰਿਹਾ ਹੈ ਉਸ ਬਾਰੇ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰੋ ਜਿਸ ਉੱਤੇ ਤੁਸੀਂ ਭਰੋਸਾ ਕਰਦੇ ਹੋ: ਕੋਈ ਮਿੱਤਰ ਜਾਂ ਪਰਿਵਾਰਕ ਸਦੱਸ; ਜਨ-ਸਿਹਤ ਨਰਸ; ਸਮਾਜਿਕ ਕਾਰਜਕਰਤਾ; ਘਰ ਵਿਖੇ ਸੰਭਾਲ਼-ਕਰਤਾ; ਕੋਈ ਤੁਹਾਡੇ ਧਾਰਮ ਸਥਾਨ ਤੋਂ ਜਾਂ ਡਾਕਟਰ।
- **ਲਿਖਤ ਰੱਖੋ।** ਜੋ ਵੀ ਤੁਹਾਡੇ ਨਾਲ ਵਾਪਰ ਰਿਹਾ ਹੈ ਉਸ ਨੂੰ ਲਿਖੋ; ਰੋਜ਼ਨਾਮਚਾ ਰੱਖੋ। ਇਸ ਨਾਲ ਤੁਹਾਨੂੰ ਦੁਰਵਿਹਾਰ ਦਾ ਲਿਖਤੀ ਪਰਮਾਣ ਰੱਖਣ ਅਤੇ ਲੋੜ ਪੈਣ ਤੇ ਤੁਹਾਡੀ ਸਹਾਇਤਾ ਕਰਨ ਵਿੱਚ ਦੂਜਿਆਂ ਦੀ ਮਦਦ ਕਰੇਗੀ
- **ਆਪਣੇ ਆਪ ਨੂੰ ਦੋਸ਼ ਨਾ ਦਿਉ।** *ਇਹ ਸਮਝ ਲਵੋ ਕਿ ਕਸੂਰ ਤੁਹਾਡਾ ਨਹੀਂ ਹੈ ਅਤੇ ਮਦਦ ਉਪਲਬਧ ਹੈ।* ਮਿਹਰਬਾਨੀ ਕਰ ਕੇ ਮਦਦ ਮੰਗੋ ਕਿਉਂਕਿ *ਤੁਹਾਡੇ ਨਾਲ ਦੁਰਵਿਹਾਰ ਹੋਣਾ ਨਹੀਂ ਚਾਹੀਦਾ।* ਤੁਹਾਡੇ ਭਾਈਚਾਰੇ ਵਿੱਚ ਕਈ ਸੰਸਥਾਵਾਂ ਹਨ ਜੋ ਤੁਹਾਡੇ ਅਧਿਕਾਰਾਂ, ਸੁਰੱਖਿਆ ਅਤੇ ਤੁਹਾਡੇ ਸ੍ਵੈ ਸਨਮਾਨ ਦੀ ਰੱਖਿਆ ਕਰਨ ਵਿੱਚ ਤੁਹਾਡੀ ਮਦਦ ਕਰਨਾ ਚਾਹੁੰਦੇ ਹਨ।

## ਜੇ ਮੇਰੇ ਨਾਲ ਦੁਰਵਿਹਾਰ ਹੋ ਰਿਹਾ ਹੈ ਜਾਂ ਮੈਨੂੰ ਸ਼ੱਕ ਪਵੇ ਕਿ ਕਿਸੇ ਬਿਰਧ ਨਾਲ ਦੁਰਵਿਹਾਰ ਹੋ ਰਿਹਾ ਹੈ ਤਾਂ ਮੈਂ ਕਿਸ ਨੂੰ ਫੋਨ ਕਰਾਂ?

- ਨਿਮਨ ਲਿਖਤ ਉਪਲਬਧ ਪ੍ਰਾਂਤੀ ਅਤੇ ਭਾਈਚਾਰਕ ਬਿਰਧ ਦੁਰਵਿਹਾਰ ਸਾਧਨਾਂ ਦੀ ਸੂਚੀ ਹੈ।
- ਜੋ ਕੋਈ ਵੀ ਦੁਰਵਿਹਾਰ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਫੌਰੀ ਖ਼ਤਰੇ ਵਿੱਚ ਹੈ, ਉਸ ਨੂੰ ਤੁਰੰਤ 9-1-1 ਉੱਤੇ ਫੋਨ ਕਰ ਕੇ ਪੁਲੀਸ ਨਾਲ ਗੱਲ ਕਰਨੀ ਚਾਹੀਦੀ ਹੈ।
- ਜਾਣਕਾਰੀ, ਸਲਾਹ ਅਤੇ ਦੱਸਾਂ ਪਾਉਣ ਲਈ ਪਰਿਵਾਰਕ ਤਸ਼ੱਦਦ ਫੋਨ ਲਾਈਨ 310-1818 ਹੈ। ਇਹ 24 ਘੰਟੇ ਦਾ ਨੰਬਰ ਮੁਫਤ ਹੈ ਅਤੇ ਹਫ਼ਤੇ ਦੇ ਸੱਤੇ ਦਿਨ ਉਪਲਬਧ ਹੈ। ਸੇਵਾ 170 ਬੋਲੀਆਂ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ।
- ਸਰਕਾਰੀ ਪੈਸੇ ਨਾਲ ਚੱਲਣ ਵਾਲੀਆਂ ਸੰਭਾਲ਼ ਜਾਂ ਸਹਾਰਾ ਸੇਵਾਵਾਂ ਲੈਣ ਵਾਲੇ ਬਿਰਧ ਦੇ ਦੁਰਵਿਹਾਰ ਦੀ ਸੂਚਨਾ ਦੇਣ ਲਈ *(Protection for Persons in Care)*; ਆਸ਼ਰਿਤ ਰਿਹਾਇਸ਼ ਅਤੇ ਦੀਰਘ ਕਾਲੀ ਸੰਭਾਲ਼ ਸੰਸਥਾਨ ਦੀ ਰਿਹਾਇਸ਼ੀ ਮਿਆਰਾਂ (*Accommodation Standards*) ਦਾ ਪਾਲਣ ਨਾ ਕਰਨ ਬਾਰੇ ਸ਼ਿਕਾਇਤਾਂ ਲਈ; ਜਾਂ ਸਹ-ਨਿਰਨਾਕਰਤਾ, ਸਰਪਰਸਤ ਜਾਂ ਟਰਸਟੀ ਦੇ ਕਾਰਜਾਂ ਬਾਰੇ (*Office of the Public Guardian*) 1-888-357-9339 (ਮੁਫਤ) ਉੱਤੇ ਕਮਜ਼ੋਰ ਬਾਲਗਾਂ ਲਈ ਬਚਾਅ ਜਾਣਕਾਰੀ ਅਤੇ ਸੂਚਨਾ ਲਾਈਨ।
- ਬਿਰਧ ਦੁਰਵਿਹਾਰ ਬਾਰੇ ਜਾਣਕਾਰੀ ਅਲਬਰਟਾ ਬਿਰਧ ਅਤੇ ਭਾਈਚਾਰਕ ਸਮਰਥਨ ਵੈੱਬਸਾਈਟ www.seniors.alberta.ca ਉੱਤੇ ਉਪਲਬਧ ਹੈ।
- ਅਲਬਰਟਾ ਬਿਰਧ ਦੁਰਵਹਿਾਰ ਸਚੇਤਨਤਾ ਨੈੱਟਵਰਕ ਦੀ ਵੈੱਬਸਾਈਟ ਅਲਬਰਟਾ ਵਿੱਚ ਬਿਰਧਾਂ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਵਾਸਤੇ ਬਿਰਧ ਦੁਰਵਿਹਾਰ ਬਾਰੇ ਜਾਣਕਾਰੀ, ਸਾਧਨਾਂ ਅਤੇ ਵਸੀਲਿਆਂ ਦੀ ਸਾਂਝ ਦੀ ਸਹੂਲਤ ਦਿੰਦੀ ਹੈ। ਇਸ ਵੈੱਬਸਾਈਟ ਦਾ ਪਤਾ www.albertaelderabuse.ca ਹੈ।